# ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ (ਪੰਜਾਬ)

ਫੋਨ ਨੰ: 0172-2212221, ਈ.ਮੇਲ: scertaffiliation@punjabeducation.gov.in


ਵੱਲ

ਸਮੂਹ ਪ੍ਰਿੰਸੀਪਲ,
ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ,
ਪੰਜਾਬ।

ਪੱਤਰ ਨੰ : ਈ. 533832
ਮਿਤੀ: ਐਸ.ਏ.ਐਸ. ਨਗਰ 31.01.2024

ਵਿਸ਼ਾ:- ਟੀਚਿੰਗ ਪ੍ਰੈਕਟਿਸ ਦੀਆਂ ਮਿਤੀਆਂ ਦਾ ਸਮਾਂ ਵਧਾਉਣ ਸੰਬੰਧੀ।

ਹਵਾਲਾ-: ਪ੍ਰਿੰਸੀਪਲ ਡਾਇਟ ਸੰਗਰੂਰ ਦੇ ਪੱਤਰ ਨੰ: 246 ਮਿਤੀ 29.01.2024 , ਇਸ ਦਫਤਰ ਦੇ ਪੱਤਰ ਨੰ: 370713 ਮਿਤੀ 08.08.2023 ਅਤੇ ਪੱਤਰ ਨੰ: 533832 ਮਿਤੀ 15.01.2024 ਦੇ ਸਬੰਧ ਵਿੱਚ।

1. ਉਪਰੋਕਤ ਵਿਸ਼ੇ ਤੇ ਹਵਾਲਾ ਪੱਤਰਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਡੀ.ਐੱਲ.ਐੱਡ. ਸ਼ੈਸਨ 2021-2023 ਸਾਲ ਦੂਜਾ ਦੇ ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਵਿੱਚ ਮਿਤੀ 31.01.2024 ਤੱਕ ਵਾਧਾ ਕੀਤਾ ਗਿਆ ਸੀ।
2. ਪ੍ਰਾਇਮਰੀ ਸਕੂਲਾਂ ਵਿੱਚ ਮਿਤੀ 15.01.2024 ਤੋਂ 20.01.2024 ਤੱਕ ਦੁਬਾਰਾ ਛੁੱਟੀਆਂ ਘੋਸ਼ਿਤ ਹੋਣ ਕਾਰਨ ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਦੇ 05 ਦਿਨ (ਵਰਕਿੰਗ) ਘੱਟ ਗਏ ਸਨ। ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਦੇ ਘੱਟਦੇ ਦਿਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡੀ.ਐੱਲ.ਐੱਡ ਸੈਸ਼ਨ 2021-23 ਸਾਲ ਦੂਜਾ ਦੇ ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਵਿੱਚ ਮਿਤੀ 06.02.2024 ਤੱਕ ਦਾ ਵਾਧਾ ਕੀਤਾ ਜਾਂਦਾ ਹੈ।
3. ਟੀਚਿੰਗ ਪ੍ਰੈਕਟਿਸ ਦੇ ਦਿਨਾਂ ਵਿੱਚ ਵਾਧਾ ਕੇਵਲ ਪ੍ਰਾਇਮਰੀ ਸਕੂਲਾਂ ਵਿੱਚ ਟੀਚਿੰਗ ਪ੍ਰੈਕਟਿਸ ਲਗਾ ਰਹੇ ਸਿੱਖਿਆਰਥੀਆਂ ਲਈ ਕੀਤਾ ਜਾ ਰਿਹਾ ਹੈ, ਅਪਰ ਪ੍ਰਾਇਮਰੀ ਸਕੂਲਾਂ ਦੀ ਟੀਚਿੰਗ ਪ੍ਰੈਕਟਿਸ ਅੱਜ ਮਿਤੀ 31.01.2024 ਨੂੰ ਖਤਮ ਹੋ ਰਹੀ ਹੈ।
4. ਪੰਜਾਬ ਰਾਜ ਦੇ ਸਮੂਹ ਸੈਲਫ ਫਾਈਨਾਂਸਡ ਕਾਲਜਾਂ(ਡੀ.ਐੱਲ.ਐੱਡ) ਦੇ ਪ੍ਰਿੰਸੀਪਲਜ਼ ਨੂੰ ਇਹ ਨੋਟ ਕਰਵਾ ਦਿੱਤਾ ਜਾਵੇ ਕਿ ਸਿੱਖਿਆਰਥੀਆਂ ਦਾ ਟੀਚਿੰਗ ਪ੍ਰੈਕਟਿਸ ਵਾਲਾ ਸਰਟੀਫਿਕੇਟ ਸਕੂਲ ਮੁੱਖੀ ਤੋਂ ਹਸਤਾਖਰ ਕਰਵਾਉਣ ਉਪਰੰਤ ਬੀ.ਪੀ.ਈ.ਓ/ਬੀ.ਐਨ.ਓ ਤੋਂ ਪ੍ਰਤੀ ਹਸਤਾਖਰ ਕਰਵਾਉਣ ਉਪਰੰਤ ਸਬੰਧਤ ਜ਼ਿਲ੍ਹੇ ਦੀ

Scanned with OKEN Scanner

ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਤੋਂ ਹਸਤਾਖਰ ਕਰਵਾ ਕੇ ਆਪਣੇ ਜ਼ਿਲ੍ਹੇ ਦੀ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਜਿਸ ਵਿੱਚ ਕਾਲਜ ਪੈਂਦਾ ਹੈ, ਵਿੱਚ ਜਮ੍ਹਾਂ ਕਰਵਾਉਣੇ ਯਕੀਨੀ ਬਣਾਇਆ ਜਾਵੇ।

5. ਸਮੂਹ ਜ਼ਿਲ੍ਹਿਆਂ ਦੀਆਂ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ ਲਿਖਿਆ ਜਾਂਦਾ ਹੈ ਕਿ ਉਹ ਟੀਚਿੰਗ ਪ੍ਰੈਕਟਿਸ ਸਰਟੀਫਿਕੇਟ ਹਸਤਾਖਰ ਕਰਨ ਉਪਰੰਤ ਸਰਟੀਫਿਕੇਟ ਤੇ ਆਪਣਾ ਇੱਕ ਵੈਰੀਫਿਕੇਸ਼ਨ ਨੰਬਰ ਲਗਾਉਣ ਅਤੇ ਇਸ ਦਾ ਪੂਰਨ ਰਿਕਾਰਡ ਆਪਣੇ ਕੋਲ ਰੱਖਣ।

6. ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਕੋਲ ਜਦੋਂ ਸੰਬੰਧਤ ਸੈਲਫ ਫਾਈਨਾਂਸਡ ਕਾਲਜ ਇਹ ਟੀਚਿੰਗ ਸਰਟੀਫਿਕੇਟ ਜਮ੍ਹਾਂ ਕਰਵਾ ਜਾਣ ਤਾਂ ਉਹ ਇੱਕ ਸੂਚੀ ਬਣਾ ਕੇ ਸਬੰਧਤ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨੂੰ ਇਹ ਸੂਚੀ ਈਮੇਲ ਰਾਂਹੀ ਭੇਜ ਕੇ ਚੈਕ ਕਰਵਾ ਲੈਣ ਕਿ ਇਹ ਟੀਚਿੰਗ ਪ੍ਰੈਕਟਿਸ ਉਹਨਾਂ ਦੇ ਰਿਕਾਰਡ ਅਤੇ ਵੈਰੀਫਿਕੇਸ਼ਨ ਨੰਬਰ ਅਨੁਸਾਰ ਸਹੀ ਹੈ ।

7. ਨੋਟ :- ਟੀਚਿੰਗ ਪ੍ਰੈਕਟਿਸ ਸੰਬੰਧੀ ਇੱਕ ਝੂਠਾ ਪੱਤਰ ਫੀਲਡ ਵਿੱਚ ਘੁੰਮ ਰਿਹਾ ਹੈ, ਉਸ ਤੇ ਗੌਰ ਨਾ ਕੀਤਾ ਜਾਵੇ । ਅਜਿਹੇ ਝੂਠੇ ਟੀਚਿੰਗ ਪ੍ਰੈਕਟਿਸ ਸਰਟੀਫਿਕੇਟ ਵੀ ਤਿਆਰ ਹੋ ਸਕਦੇ ਹਨ, ਇਸ ਲਈ ਟੀਚਿੰਗ ਪ੍ਰੈਕਟਿਸ ਤੇ ਆਪਣਾ ਵੈਰੀਫਿਕੇਸ਼ਨ ਨੰਬਰ ਲਗਾਉਣ ਅਤੇ ਬਾਅਦ ਵਿੱਚ ਦੂਜੇ ਜ਼ਿਲ੍ਹੇ ਦੀ ਡਾਇਟ ਵੱਲੋਂ ਸਨਾਖਤ ਕਰਵਾਉਣ ਸਮੇਂ ਸਹਿਯੋਗ ਦਿੱਤਾ ਜਾਵੇ ਜੀ ।

ਸਹਾਇਕ ਡਾਇਰੈਕਟਰ ( ਐਫੀਲਿਏਸ਼ਨ)

ਪਿੱਠ ਅੰਕਣ ਨੰ. ਉਕਤ ਮਿਤੀ: 31-01-2024.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ-:

1. ਪੀ.ਏ. ਟੂ, ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸ਼ਰ (ਸੈ.ਸਿੱ./ਐ.ਸਿੱ.), ਪੰਜਾਬ।
3. ਸਮੂਹ ਸਰਕਾਰੀ ਸਕੂਲ ਮੁੱਖੀ, ਪੰਜਾਬ।
4. ਸਮੂਹ ਸੈਲਫ ਫਾਈਨਾਂਸਡ ਕਾਲਜਾਂ (ਡੀ.ਐੱਲ.ਐੱਡ), ਪੰਜਾਬ।

ਸਹਾਇਕ ਡਾਇਰੈਕਟਰ (ਐਫੀਲਿਏਸ਼ਨ)

Scanned with OKEN Scanner